ਪੰਜਾਬ ਸਰਕਾਰ

ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ

(ਡਾਇਰੈਕਟੋਰੇਟ ਆਫ ਸ਼ਡਿਊਲਡ ਕਾਸਟਸ ਸਬ ਪਲਾਨ)

# ਅਧਿਸੂਚਨਾ

20 ਨਵੰਬਰ, 2017

ਨੰ: ਖੋ.ਅ.-1(ਐਸ.ਸੀ.ਐਸ.ਪੀ.)-27/2017/6193: ਪੰਜਾਬ ਦੇ ਰਾਜਪਾਲ ਪ੍ਰਸੰਨਤਾਪੂਰਵਕ ਅਨੁਸੂਚਿਤ ਜਾਤੀਆਂ ਸਬ ਪਲਾਨ (ਐਸ.ਸੀ.ਐਸ.ਪੀ.) ਅਤੇ ਵਿਸ਼ੇਸ਼ ਕੇਦਰੀ ਸਹਾਇਤਾ (ਐਸ.ਸੀ.ਏ.) ਪ੍ਰੋਗਰਾਮ ਦੇ ਲਾਗੂਕਰਨ ਦਾ ਨਿਰੀਖਣ ਕਰਨ ਲਈ, ਅਧਿਸੂਚਨਾ ਨੰ: 3/45/99-ਭਸ-6/2386 ਮਿਤੀ 15-12-2009 ਰਾਹੀਂ ਗਠਿਤ ਕੀਤੀ "ਰਾਜ ਪੱਧਰੀ ਤਿੰਨ ਧਿਰੀ ਕਮੇਟੀ" ਵਿਚ ਅੰਸ਼ਿਕ ਸੋਧ ਕਰਦੇ ਹੋਏ, "ਰਾਜ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀ" ਦਾ ਗਠਨ ਕਰਦੇ ਹਨ। ਇਸ ਕਮੇਟੀ ਦੀ ਬਣਤਰ ਹੇਠ ਅਨੁਸਾਰ ਹੋਵੇਗੀ:-

| | | |
|---|---|---|
| 1. | ਮੰਤਰੀ ਇੰਚਾਰਜ, ਅਨੁਸੂਚਿਤ ਜਾਤੀਆਂ, ਪਛੱੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ। | ਪ੍ਰਧਾਨ |
| 2. | ਪ੍ਰਮੁੱਖ ਸਕੱਤਰ, ਅਨੁਸੂਚਿਤ ਜਾਤੀਆਂ, ਪਛੱੜੀਆਂ ਸ਼੍ਰੇਣੀਆਂ, ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ। | ਮੈਂਬਰ ਸਕੱਤਰ |
| 3. | ਚੇਅਰਮੈਨ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ। | ਮੈਂਬਰ |
| 4. | ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਸਕੱਤਰ, (i) ਵਿੱਤ, (ii) ਯੋਜਨਾ, (iii) ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ, (iv) ਸਕੂਲ ਸਿਖਿਆ, (v) ਉਚੇਰੀ ਸਿਖਿਆ ਅਤੇ ਭਾਸ਼ਾਵਾਂ, (vi) ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, (vii) ਰੋਜਗਾਰ ਉਤਪੱਤੀ ਅਤੇ ਸਿਖਲਾਈ, (viii) ਸਿਹਤ ਅਤੇ ਪਰਿਵਾਰ ਭਲਾਈ, (ix) ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ, (x) ਦਿਹਾਤੀ ਵਿਕਾਸ ਅਤੇ ਪੰਚਾਇਤਾ, (xi) ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ। | ਮੈਂਬਰ |
| 5. | ਨਿਰਦੇਸ਼ਕ, ਰਾਸ਼ਟਰੀ ਅਨੁਸੂਚਿਤ ਜਾਤੀਆ ਕਮਿਸ਼ਨ, ਚੰਡੀਗੜ੍ਹ। | ਮੈਬਰ |
| 6. | ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ। | ਮੈਬਰ |
| 7. | ਅਨੁਸੂਚਿਤ ਜਾਤੀਆਂ ਨਾਲ ਸਬੰਧਤ ਚਾਰ (4) ਗੈਰ ਸਰਕਾਰੀ ਮੈਬਰ ਜੋ ਕਿ ਦੋ ਸਾਲ ਦੇ ਸਮੇਂ ਲਈ ਨਾਮਜਦ ਕੀਤੇ ਜਾਣਗੇ ਜਿਨ੍ਹਾਂ ਵਿਚੋ ਘੱਟੋ-ਘੱਟ ਇਕ (1) ਇਸਤਰੀ ਮੈਬਰ ਹੋਵੇਗੀ। | ਮੈਂਬਰ |
| 8. | ਡਾਇਰੈਕਟਰ (ਐਸ.ਸੀ.ਐਸ.ਪੀ)-ਕਮ- ਸੰਯੁਕਤ ਸੱਕਤਰ | ਮੈਂਬਰ ਕਨਵੀਨਰ |

## II. ਕਮੇਟੀ ਦੀਆਂ ਸੀਮਾਵਾਂ ਅਤੇ ਅਧਿਕਾਰ

1. ਕਮੇਟੀ, ਐਸ.ਸੀ.ਐਸ.ਪੀ./ਐਸ.ਸੀ.ਏ. ਸਬੰਧੀ ਨੀਤੀ ਆਯੋਗ/ਵਿੱਤ ਮੰਤਰਾਲਾ/ਸਮਾਜਿਕ ਨਿਆਂ ਅਤੇ ਅਧਿਕਾਰਤਾ ਮੰਤਰਾਲਾ, ਭਾਰਤ ਸਰਕਾਰ ਵੱਲੋ ਜਾਰੀ ਅਗਵਾਈ ਲੀਹਾਂ ਅਤੇ ਰਾਜ ਸਰਕਾਰ ਵੱਲੋ ਲਏ ਗਏ ਪਾਲਿਸੀ ਫੈਸਲਿਆਂ ਨੂੰ ਲਾਗੂ ਕਰਨ ਸਬੰਧੀ ਸਮੀਖਿਆ ਕਰੇਗੀ ਅਤੇ ਇਹਨਾਂ ਨੂੰ ਲਾਗੂ ਕਰਨ ਵਿੱਚ ਆ ਰਹੀਆਂ ਔਕੜਾਂ ਨੂੰ ਦੂਰ ਕਰਨ ਸਬੰਧੀ ਠੋਸ ਸੁਝਾਅ ਦੇਵੇਗੀ।
2. ਕਮੇਟੀ, ਐਸ.ਸੀ.ਐਸ.ਪੀ./ਐਸ.ਸੀ.ਏ. ਪ੍ਰੋਗਰਾਮ ਦੇ ਲਾਗੂਕਰਨ ਦੀ ਦੇਖ-ਰੇਖ, ਚੌਕਸੀ ਅਤੇ ਨਿਰੀਖਣ ਕਰੇਗੀ।
3. ਕਮੇਟੀ, ਐਸ.ਸੀ.ਐਸ.ਪੀ./ਐਸ.ਸੀ.ਏ. ਪ੍ਰੋਗਰਾਮ ਤਹਿਤ ਸਕੀਮਾਂ ਅਧੀਨ ਫੰਡਾਂ ਦੇ ਪ੍ਰਵਾਹ (ਉਪਬੰਧ, ਜਾਰੀ ਰਾਸ਼ੀ, ਵਰਤੀ ਰਾਸ਼ੀ ਅਤੇ ਬਕਾਇਆ ਰਾਸ਼ੀ) ਦਾ ਨਿਰੀਖਣ ਕਰੇਗੀ।
4. ਗਰੀਬ ਅਨੁਸੂਚਿਤ ਜਾਤੀ ਲੋਕਾਂ ਨੂੰ ਐਸ.ਸੀ.ਐਸ.ਪੀ./ਐਸ.ਸੀ.ਏ. ਪ੍ਰੋਗਰਾਮ ਦਾ ਪੂਰਾ ਲਾਭ ਪ੍ਰਾਪਤ ਹੋਣਾ ਯਕੀਨੀ ਬਣਾਉਣ ਲਈ ਕਮੇਟੀ ਜ਼ਰੂਰੀ ਉਪਰਾਲੇ ਕਰੇਗੀ।

5. ਕਮੇਟੀ, ਐਸ.ਸੀ.ਐਸ.ਪੀ./ਐਸ.ਸੀ.ਏ. ਪ੍ਰੋਗਰਾਮ ਤਹਿਤ ਫੰਡਜ਼ ਦੀ ਦੁਰ-ਵਰਤੋਂ ਜਾਂ ਜਨਰਲ ਸੈਕਟਰ ਵਿੱਚ ਪੱਖਬਦਲੀ ਸਬੰਧੀ ਸ਼ਿਕਾਇਤਾਂ ਦੀ ਪੜਚੋਲ ਉਪਰੰਤ ਬਣਦੀ ਕਾਰਵਾਈ ਦੀ ਸ਼ਿਫਾਰਸ ਕਰੇਗੀ।
6. ਐਸ.ਸੀ.ਐਸ.ਪੀ./ਐਸ.ਸੀ.ਏ. ਪ੍ਰੋਗਰਾਮ ਦੇ ਨਿਰੀਖਣ ਲਈ ਗਠਿਤ "ਜ਼ਿਲ੍ਹਾ ਪੱਧਰੀ ਵਿਜੀਲੈਂਸ ਅਤੇ ਮੋਨੀਟਰਿੰਗ ਕਮੇਟੀਆਂ" ਦੀਆਂ ਸ਼ਿਫਾਰਸ਼ਾ ਨੂੰ, ਲੋੜ ਪੈਣ ਤੇ, ਰਾਜ ਸਰਕਾਰ ਵੱਲੋਂ ਇਸ ਕਮੇਟੀ ਦੀ ਸਮੀਖਿਆ ਅਤੇ ਉਚਿਤ ਸਿਫਾਰਸ਼ਾ ਲਈ ਪੇਸ਼ ਕੀਤਾ ਜਾਵੇਗਾ।
7. ਕਮੇਟੀ ਇਕ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਮੀਟਿੰਗ ਕਰੇਗੀ।
8. ਅਧਿਸੂਚਨਾ ਨੰ: ਖ.ਅ.(ਐਸ.ਸੀ.ਐਸ.ਪੀ.)-27/2800-A ਮਿਤੀ 30 ਅਪ੍ਰੈਲ 2010 ਰਾਹੀਂ ਗਠਿਤ ਕੀਤੀ ਗਈ "ਰਾਜ ਪੱਧਰੀ ਰਿਵਿਊ ਕਮੇਟੀ" ਨੂੰ ਮਨਸੂਖ ਕੀਤਾ ਜਾਂਦਾ ਹੈ।

ਸਥਾਨ : ਚੰਡੀਗੜ੍ਹ
17 ਨਵੰਬਰ, 2017

**ਆਰ.ਵੈਂਕਟ ਰਤਨਮ, ਆਈ.ਏ.ਐਸ.**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ**
**ਘੱਟ ਗਿਣਤੀ ਵਰਗ ਭਲਾਈ ਵਿਭਾਗ।**

**ਪਿਠੰਅਕਣ ਨੰ: ਖ.ਅ.-1(ਐਸ.ਸੀ.ਐਸ.ਪੀ.)-27/2017/6194-6209** **ਮਿਤੀ 20 ਨਵੰਬਰ, 2017**

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਜਰੂਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮੰਤਰੀ ਇੰਚਾਰਜ, ਅਨੁਸੂਚਿਤ ਜਾਤੀਆਂ, ਪਛੱੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ, ਪੰਜਾਬ।
2. ਚੇਅਰਮੈਨ, ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ, ਚੰਡੀਗੜ੍ਹ।
3. ਵਿਸ਼ੇਸ਼ ਮੁੱਖ ਸਕੱਤਰ/ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਸਕੱਤਰ, ਵਿੱਤ, ਯੋਜਨਾ, ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ, ਸਕੂਲ ਸਿਖਿਆ, ਉਚੇਰੀ ਸਿਖਿਆ ਅਤੇ ਭਾਸ਼ਾਵਾਂ, ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ, ਰੋਜਗਾਰ ਉਤਪੱਤੀ ਅਤੇ ਸਿਖਲਾਈ, ਸਿਹਤ ਅਤੇ ਪਰਿਵਾਰ ਭਲਾਈ, ਖੁਰਾਕ, ਸਿਵਲ ਸਪਲਾਈਜ ਅਤੇ ਖਪਤਕਾਰ ਮਾਮਲੇ, ਦਿਹਾਤੀ ਵਿਕਾਸ ਅਤੇ ਪੰਚਾਇਤਾ, ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ।
4. ਨਿਰਦੇਸ਼ਕ, ਰਾਸ਼ਟਰੀ ਅਨੁਸੂਚਿਤ ਜਾਤੀਆ ਕਮਿਸ਼ਨ, ਚੰਡੀਗੜ੍ਹ।
5. ਡਾਇਰੈਕਟਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ।
6. ਅਧੀਨ ਸਕੱਤਰ, ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਭਲਾਈ ਵਿਭਾਗ।

**ਡਾਇਰੈਕਟਰ (ਐਸ.ਸੀ.ਐਸ.ਪੀ)-ਕਮ -ਸੰਯੁਕਤ ਸੱਕਤਰ**

ਨੋਟ:- ਇਸ ਅਧਿਸੂਚਨਾ ਦੀ ਕਾਪੀ ਵੈਬਸਾਇਟ welfarepunjab.gov.in ਦੇ ਸੈਕਸ਼ਨ 'Directorate of SCSP' ਦੇ ਸਬ-ਸੈਕਸ਼ਨ 'State Notifications/Letters/Policy Decisions' ਹੇਠ ਵੀ ਉਪਲੱਬਧ ਹੈ।